**BRAMPTON Flower City** brampton.ca

**media release**

12 ਅਕਤੂਬਰ, 2018

## ਬ੍ਰੈਂਪਟਨ ਨੇ ਟ੍ਰਿਪਲ 'ਏ' (Triple 'A') ਕ੍ਰੈਡਿਟ ਰੇਟਿੰਗ ਅਤੇ ਇੱਕ 'ਮਜ਼ਬੂਤ' ਦ੍ਰਿਸ਼ਟੀਕੋਣ ਕਾਇਮ ਰੱਖਿਆ

ਬ੍ਰੈਂਪਟਨ, ਓਨਟੈਰੀਓ: ਸਟੈਂਡਰਡ ਐਂਡ ਪੂਅਰਸ (Standard & Poor's) (ਐਸ. ਐਂਡ ਪੀ.) (S&P) ਨੇ ਅੱਜ ਸਿਟੀ ਆਫ ਬ੍ਰੈਂਪਟਨ ਦੀ ਟ੍ਰਿਪਲ 'ਏ' (ਏ.ਏ.ਏ.) ਰੇਟਿੰਗ ਦੀ ਤਸਦੀਕ ਕੀਤੀ। ਕ੍ਰੈਡਿਟ ਰੇਟਿੰਗ ਦੇ ਨਾਲ, ਐਸ. ਐਂਡ ਪੀ. ਨੇ ਸਿਟੀ ਆਫ ਬ੍ਰੈਂਪਟਨ ਲਈ ਇੱਕ 'ਮਜ਼ਬੂਤ' ਦ੍ਰਿਸ਼ਟੀਕੋਣ ਜਾਰੀ ਕੀਤਾ ਹੈ। ਟ੍ਰਿਪਲ 'ਏ' ('A') ਉੱਚਤਮ ਕ੍ਰੈਡਿਟ ਰੇਟਿੰਗ ਹੈ, ਜਿਸਨੂੰ ਇੱਕ ਮਿਉਨਿਸਿਪਲਿਟੀ ਪ੍ਰਾਪਤ ਕਰ ਸਕਦੀ ਹੈ ਅਤੇ ਸਟੈਂਡਰਡ ਐਂਡ ਪੂਅਰਸ (ਐਸ. ਐਂਡ ਪੀ.) ਦੇ ਮੁਤਾਬਕ, ਰੇਟਿੰਗ ਸਿਟੀ ਦੇ ਮਜ਼ਬੂਤ ਵਿੱਤੀ ਪ੍ਰਬੰਧਨ ਨੂੰ ਦਰਸਾਉਂਦੀ ਹੈ।

**ਸੁਰਖੀਆਂ**

ਐਸ. ਐਂਡ ਪੀ. ਦੇ ਮੁਤਾਬਕ, ਰੇਟਿੰਗ ਕੁਝ ਕਾਰਕਾਂ 'ਤੇ ਆਧਾਰਿਤ ਹੁੰਦੀ ਹੈ, ਜਿਹਨਾਂ ਵਿੱਚ ਸ਼ਾਮਲ ਹਨ:

- ਮਜ਼ਬੂਤ ਵਿੱਤੀ ਪ੍ਰਬੰਧਨ ਪੱਧਤੀਆਂ: ਨਿਯੰਤਰਣ ਪ੍ਰਣਾਲੀਆਂ ਨੂੰ ਬਿਹਤਰ ਬਣਾਉਣ, ਅਤੇ ਪਾਰਦਰਸ਼ਕਤਾ, ਪਹੁੰਚ ਵਿੱਚ ਆਸਾਨ ਪ੍ਰਗਟਾਵੇ 'ਤੇ ਲਗਾਤਾਰ ਧਿਆਨ ਕੇਂਦਰਿਤ ਕਰਨਾ।
- ਅਸਧਾਰਨ ਨਕਦੀ: ਬ੍ਰੈਂਪਟਨ ਦੇ ਮਜ਼ਬੂਤ ਸੰਚਾਲਨ ਬਕਾਏ ਇੱਕ ਮਜ਼ਬੂਤ ਨਕਦੀ ਦੇ ਪ੍ਰਵਾਹ ਦੀ ਸਮਰੱਥਾ ਦਾ ਸੰਕੇਤ ਦਿੰਦੇ ਹਨ, ਕਰਜ਼ ਸੇਵਾ ਸਬੰਧੀ ਲੋੜਾਂ ਤੋਂ ਕਿਤੇ ਵੱਧ ਹਨ ਅਤੇ ਆਪਣੇ ਸਹਿਯੋਗੀਆਂ ਤੋਂ ਵੱਧ ਮਜ਼ਬੂਤ ਹਨ।
- ਮਜ਼ਬੂਤ ਅਰਥਚਾਰਾ: ਬ੍ਰੈਂਪਟਨ ਇੱਕ ਬਹੁਤ ਹੀ ਮਜ਼ਬੂਤ ਅਤੇ ਪੂਰੀ ਤਰ੍ਹਾਂ ਵੰਨ-ਸੁਵੰਨਾ ਅਰਥਚਾਰੇ, ਅਤੇ ਚੰਗੀਆਂ ਸਮਾਜਿਕ-ਆਰਥਿਕ ਅਤੇ ਜਨ ਅੰਕੜੇ ਸਬੰਧੀ ਵਿਸ਼ੇਸ਼ਤਾਵਾਂ ਤੋਂ ਫ਼ਾਇਦਾ ਉਠਾਉਂਦਾ ਹੈ।

**ਹਵਾਲਾ**

"ਇਹ ਮਜ਼ਬੂਤ ਰੇਟਿੰਗ ਵਧੀਆ ਮਿਉਨਿਸਿਪਲ ਸ਼ਾਸਨ ਅਤੇ ਸਿਟੀ ਵੱਲੋਂ ਨਿਵਾਸੀਆਂ ਦੇ ਪ੍ਰਤੀ ਜਵਾਬਦੇਹੀ 'ਤੇ ਲਗਾਤਾਰ ਧਿਆਨ ਕੇਂਦਰਿਤ ਕਰਨ ਨੂੰ ਦਰਸਾਉਂਦੀ ਹੈ। ਬ੍ਰੈਂਪਟਨ ਸਾਡੇ ਡਾਉਨਟਾਉਨ (Downtown) ਵਿੱਚ ਪਰਿਵਰਤਨ ਕਰਨ ਲਈ, ਅਤੇ ਇਸਤੋਂ ਵੀ ਅੱਗੇ, 2040 ਦ੍ਰਿਸ਼ਟੀਕੋਣ (2040 Vision) ਵਿੱਚ ਵਰਣਨ ਕੀਤੇ ਜੁੜੇ ਹੋਏ, ਸ਼ਾਮਲ, ਨਵੀਨਤਾਕਾਰੀ ਅਤੇ ਬੇਬਾਕ ਬ੍ਰੈਂਪਟਨ ਦਾ ਨਿਰਮਾਣ ਕਰਨ ਲਈ ਜ਼ਰੂਰੀ ਨਿਵੇਸ਼ ਕਰਨ ਵਿੱਚ ਅੱਗੇ ਵਧਣ ਦੀ ਚੰਗੀ ਸਥਿਤੀ ਵਿੱਚ ਹੈ।"

- *ਬ੍ਰੈਂਪਟਨ ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

BRAMPTON
Flower City
brampton.ca

media release

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca